ਸਾਰ

# ਰਾਜਵਾਰ ਭਾਰ ਢੋਣ ਵਾਲੇ ਟ੍ਰੱਕਾਂ ਲਈ ਅਧਿਨਿਯਮ (The Statewide Drayage Truck Regulation)

***ਮਹੱਤਵਪੂਰਣ ਧੂਏਂ ਦੇ ਨਿਕਾਸ ਨੂੰ ਘੱਟ ਕਰਨ ਲਈ ਅਤੇ ਜਨਤਾ ਦੀ ਸਿਹਤ ਦੀ ਸੁਰੱਖਿਆ ਪ੍ਰਾਪਤ ਕਰਨ ਲਈ ਨਿਯਮ***

ਦਸੰਬਰ 2007 ਵਿੱਚ, ਕੈਲੀਫ਼ੋਰਨੀਆ ਏਆਰ ਰਿਸੋਰਸਿਜ਼ ਬੋਰਡ (ਏਆਰਬੀ) ਨੇ ਕੈਲੀਫ਼ੋਰਨੀਆ ਦੀਆਂ ਬੰਦਰਗਾਹਾਂ ਅਤੇ ਇੰਟਰਮਾੱਡਲ ਰੇਲ ਯਾਰਡਾਂ ਤੇ ਭਾਰ ਢੋਣ ਵਾਲੇ ਟ੍ਰੱਕਾਂ ਤੋਂ ਧੂਏਂ ਦੇ ਨਿਕਾਸ ਨੂੰ ਘੱਟ ਕਰਨ ਲਈ ਇੱਕ ਨਵਾਂ ਅਧਿਨਿਯਮ ਲਾਗੂ ਕੀਤਾ।

### ਇਸ ਅਧਿਨਿਯਮ ਦੀ ਲੋੜ ਕਿਉਂ ਹੈ?

ਭਾਰ ਢੋਣ ਵਾਲੇ ਟ੍ਰੱਕ ਬਹੁਤ ਘੱਟ ਜਾਂ ਧੂਏਂ ਦੇ ਨਿਕਾਸ ਤੇ ਬਿਲਕੁਲ ਨਿਯੰਤਰਣ ਨਾ ਰੱਖਣ ਵਾਲੇ ਬਹੁਤ ਪੁਰਾਣੇ ਵਾਹਨ ਹਨ। ਇਹ ਵਾਹਨ ਬੰਦਰਗਾਹਾਂ ਅਤੇ ਰੇਲ ਯਾਰਡਾਂ ਦੇ ਨੇੜੇ ਇਕੱਠੇ ਹੁੰਦੇ ਹਨ ਅਤੇ ਵੱਡੀ ਮਾਤਰਾ ਵਿੱਚ ਨਾਈਟ੍ਰੋਜਨ ਆੱਕਸਾਈਡ (NOx) ਅਤੇ ਜ਼ਹਰੀਲਾ ਧੁਆਂਸਾ (ਪਰਟੀਕਯੂਲੇਟ ਮੈਟਰ ਜਾਂ ਪੀਐਮ) ਬਣਾਉਣ ਵਾਲਾ ਧੂਆਂ ਛੱਡਦੇ ਹਨ। ਨਿਕਟਵਰਤੀ ਸਮਾਜ ਇਹਨਾਂ ਨਿਕਾਸਾਂ, ਜੋ ਕਈ ਸਿਹਤ ਸੰਬੰਧੀ ਕਈ ਦੁਸ਼ਪ੍ਰਭਾਵ ਪਾਉਂਦੇ ਹਨ, ਤੋਂ ਬਹੁਤ ਜ਼ਿਆਦਾ ਪ੍ਰਭਾਵਿਤ ਹੁੰਦੇ ਹਨ, ਇਹਨਾਂ ਵਿੱਚ ਦਮਾ, ਕੈਂਸਰ, ਅਤੇ ਅਕਾਲਿਕ ਮੌਤ ਸ਼ਾਮਿਲ ਹਨ। ਇਹਨਾਂ ਟ੍ਰੱਕਾਂ ਤੋਂ ਧੂਏਂ ਦੇ ਨਿਕਾਸ ਨੂੰ ਕੇਂਦਰ ਦੁਆਰਾ ਲਾਗੂ ਕੀਤੇ ਗਏ ਸ਼ੁੱਧ ਹਵਾ ਦੇ ਮਾਨਕਾਂ ਨਾਲ ਮਿਲਾਣ ਅਤੇ ਸਿਹਤ ਸੰਬੰਧੀ ਦੁਸ਼ਪ੍ਰਭਾਵਾਂ ਨੂੰ ਘੱਟ ਕਰਨ ਲਈ, ਵਿਸ਼ੇਸ਼ ਤੌਰ ਤੇ ਨਿਕਟਵਰਤੀ ਸਮਾਜਾਂ ਲਈ ਘੱਟ ਕਰਨਾ ਜ਼ਰੂਰੀ ਹੈ।

### ਇਸ ਅਧਿਨਿਯਮ ਦੇ ਅੰਦਰ ਕਿਸ ਪ੍ਰਕਾਰ ਦੇ ਵਾਹਨ ਆਉਂਦੇ ਹਨ?

ਰਾਜਵਾਰ ਤੇ ਲਗਭਗ 20,000 ਭਾਰ ਢੋਣ ਵਾਲੇ ਟ੍ਰੱਕ ਕੈਲੀਫ਼ੋਰਨੀਆ ਦੀਆਂ ਬੰਦਰਗਾਹਾਂ ਅਤੇ ਇੰਟਰਮਾੱਡਲ ਰੇਲ ਯਾਰਡਾਂ ਤੇ ਲਗਾਤਾਰ ਆਉਂਦੇ-ਜਾਂਦੇ ਹਨ। ਅਧਿਨਿਯਮ ਸੜਕ ਤੇ ਸ਼੍ਰੇਣੀ-8 ਦੇ ਡੀਜ਼ਲ ਇੰਧਨ ਵਾਲੇ ਸਾਰੇ ਵਾਹਨਾਂ, ਜੋ ਇਹਨਾਂ ਪਰਿਸਰਾਂ ਵਿੱਚ ਮੂਲ ਰਾਜ ਜਾਂ ਦੇਸ਼ ਦੀ ਲਾਪਰਵਾਹੀ ਨਾਲ ਆਉਂਦੇ ਹਨ ਜਾਂ ਲਗਾਤਾਰ ਆਉਂਦੇ-ਜਾਂਦੇ ਹਨ, ਤੇ ਲਾਗੂ ਹੁੰਦੇ ਹਨ। ਅਧਿਨਿਯਮ ਕੁਝ ਪ੍ਰਕਾਰ ਦੇ ਵਾਹਨਾਂ ਤੇ ਲਾਗੂ ਨਹੀਂ ਹੁੰਦੇ, ਇਹਨਾਂ ਵਿੱਚ ਤੱਤਕਾਲ ਸੇਵਾ ਵਾਲੇ ਵਾਹਨ, ਮਿਲਟਰੀ ਦੇ ਨਿਪੁੰਨਤਾ ਵਾਲੇ ਵਾਹਨ ਅਤੇ ਆਮ ਪ੍ਰਯੋਗ ਵਾਲੇ ਵਾਹਨ ਸ਼ਾਮਿਲ ਹਨ ।

### ਕਿਸਨੂੰ ਇਸ ਅਧਿਨਿਯਮ ਨੂੰ ਮੰਨਣਾ ਜਰੂਹੀ ਹੈ?

ਅਧਿਨਿਯਮ ਭਾਰ ਢੋਣ ਵਾਲੇ ਟ੍ਰੱਕ ਡ੍ਰਾਈਵਰਾਂ, ਭਾਰ ਢੋਣ ਵਾਲੇ ਟ੍ਰੱਕ ਮਾਲਿਕਾਂ, ਮੋਟਰ ਕੈਰੀਅਰ, ਜੋ ਭਾਰ ਢੋਣ ਵਾਲੇ ਟ੍ਰੱਕ ਭੇਜਦੇ ਹਨ, ਬੰਦਰਗਾਹ ਅਤੇ ਜ਼ਹਾਜ ਟਰਮੀਨਲਾਂ, ਇੰਟਰਮਾੱਡਲ ਰੇਲ ਯਾਰਡਾਂ, ਅਤੇ ਬੰਦਰਗਾਹ ਅਤੇ ਰੇਲ ਅਧਿਕਾਰੀਆਂ ਦੀ ਜਰੂਰਤਾਂ ਲਈ ਸਥਾਪਿਤ ਕੀਤਾ ਗਿਆ ਹੈ।

### ਅਧਿਨਿਯਮ ਦੀ ਕੀ ਮੰਗ ਹੈ?

ਸੰਖੇਪ ਵਿੱਚ, ਅਧਿਨਿਯਮ ਦੀ ਮੰਗ ਹੈ ਕਿ ਭਾਰ ਢੋਣ ਵਾਲੇ ਟ੍ਰੱਕਾਂ ਤੋਂ ਧੂਏਂ ਦੇ ਨਿਕਾਸ ਵਿੱਚ ਘਾਟ ਦੇ ਨਾਲ-ਨਾਲ ਰਿਕਾੱਰਡ ਰੱਖਣ ਅਤੇ ਮਨਜ਼ੂਰੀ ਨੂੰ ਮਾਨੀਟਰ ਕਰਨ ਵਿੱਚ ਸਹਾਇਤਾ ਅਤੇ ਇਸਨੂੰ ਲਾਗੂ ਕਰਨ ਦੀਆਂ ਕੋਸ਼ਿਸ਼ਾਂ ਲਈ ਰਿਪੋਰਟਿੰਗ ਕਰਨਾ।

ਹਰੇਕ ਸਟੇਕਹੋਲਡਰ ਲਈ ਹੇਠਾਂ ਦਿੱਤੀਆਂ ਮੌਲਿਕ ਜਿੰਮੇਵਾਰੀਆਂ ਹਨ: ਟ੍ਰੱਕ ਡ੍ਰਾਈਵਰਾਂ ਲਈ ਜ਼ਰੂਰੀ ਹੈ ਕਿ ਉਹ ਅਧਿਕਾਰੀਆਂ ਲਈ ਮਨਜ਼ੂਰੀ ਦਾ ਅਧਿਕਾਰ ਪ੍ਰਦਾਨ ਲਈ ਮੋਟਰ ਕੈਰੀਅਰ ਸੰਪਰਕ ਜਾਣਕਾਰੀ ਦੇਣ, ਜੇਕਰ ਮੰਗ ਕੀਤੀ ਗਈ ਹੋਵੇ ਤਾਂ ਟ੍ਰੱਕ ਮਾਲਿਕਾਂ ਲਈ ਜ਼ਰੂਰੀ ਹੈ ਕਿ ਉਹ ਆਪਣੇ ਟ੍ਰੱਕਾਂ ਦਾ ਰਾਜ ਦੁਆਰਾ ਨਿਯੰਤਰਿਤ ਡ੍ਰੇਇਜ ਟ੍ਰੱਕ ਰਜਿਸਟਰੀ (ਡੀਟੀਆਰ) ਵਿੱਚ ਪੰਜੀਕਰਣ ਕਰਵਾਉਣ, ਇਹ ਵੀ ਸੁਨਿਸ਼ਚਿਤ ਕਰਨ ਕਿ ਉਹਨਾਂ ਦੇ ਟ੍ਰੱਕ ਸਹੀ ਆਖ਼ਿਰੀ ਮਿਤੀਆਂ ਨੂੰ (ਹੇਠਾਂ ਦਿੱਤੀ ਸਾਰਣੀ ਵੇਖੋ) ਨਿਕਾਸ ਮਾਨਕਾਂ ਨਾਲ ਮੇਲ ਖਾਂਦੇ ਹਨ, ਅਤੇ ਇਹ ਸੁਨਿਸ਼ਚਿਤ ਕਰੋ ਕਿ ਨਿਕਾਸ ਨਿਯੰਤਰਣ ਕਰਨ ਵਾਲੀ ਤਕਨੀਕਾਂ ਸਹੀ ਢੰਗ ਨਾਲ ਕੰਮ ਕਰ ਰਹੀਆਂ ਹਨ, ਮੋਟਰ ਕੈਰੀਆਰਾਂ ਲਈ ਇਹ ਸੁਨਿਸ਼ਚਿਤ ਕਰਨਾ ਜ਼ਰੂਰੀ ਹੈ ਕਿ ਭੇਜੇ ਗਏ ਟ੍ਰੱਕ ਅਧਿਨਿਯਮ ਨਾਲ ਸਹਿਮਤ ਹਨ, ਟ੍ਰੱਕ ਮਾਲਿਕਾਂ ਲਈ ਅਧਿਨਿਯਮ ਦਾ ਇੱਕ ਪ੍ਰਤੀਲੇਖ ਪ੍ਰਦਾਨ ਕਰਨਾ, ਅਤੇ ਪੰਜ ਵਰ੍ਹਿਆਂ ਲਈ ਭੇਜੇ ਗਏ ਟ੍ਰੱਕਾਂ ਦਾ ਰਿਕਾੱਰਡ ਰੱਖਣਾ, ਅਤੇ ਟਰਮੀਨਲਾਂ ਲਈ ਜ਼ਰੂਰੀ ਹੈ ਕਿ ਉਹਨਾਂ ਦੇ ਪਰਿਸਰ ਵਿੱਚ ਪ੍ਰਵੇਸ਼ ਕਰ ਰਹੇ ਗੈਰ-ਮਨਜ਼ੂਰੀ ਵਾਲੇ ਟ੍ਰੱਕਾਂ ਤੋਂ ਜਾਣਕਾਰੀ ਇਕੱਠੀ ਕਰਨ ਅਤੇ ਇਸਦੀ ਰਿਪੋਰਟ ਉਹਨਾਂ ਦੀ ਸੰਬੰਧਿਤ ਬੰਦਰਗਾਹ ਜਾਂ ਰੇਲ ਅਧਿਕਾਰੀ ਨੂੰ ਦੇਣ, ਜੋ ਬਾਅਦ ਵਿੱਚ ਇਸ ਜਾਣਕਾਰੀ ਨੂੰ ਏਅਰ ਰਿਸੋਰਸਿਜ਼ ਬੋਰਡ ਨੂੰ ਦਿੰਦਾ ਹੈ।

### ਟ੍ਰੱਕ ਮਾਲਿਕਾਂ ਲਈ ਮੰਗਾਂ ਕਦੋਂ ਪ੍ਰਭਾਵ ਵਿੱਚ ਆਉਣਗੀਆਂ ?

ਅਧਿਨਿਯਮ ਦੀ ਮੰਗ ਹੈ ਕਿ ਸਿਤੰਬਰ 2009 ਨੂੰ ਟ੍ਰੱਕ ਮਾਲਿਕ ਆਪਣੇ ਟ੍ਰੱਕਾਂ ਦਾ ਜਿਲੇ ਦੀ ਡ੍ਰੇਇਜ ਟ੍ਰੱਕ ਰਜਿਸਟਰੀ ਵਿੱਚ ਪੰਜੀਕਰਣ ਕਰਵਾਉਣ। ਟ੍ਰੱਕ ਮਾਲਿਕਾਂ ਲਈ ਇਹ ਵੀ ਜ਼ਰੂਰੀ ਹੈ ਕਿ ਉਹ ਹੇਠਾਂ ਦਿੱਤੀ ਸਾਰਣੀ ਅਨੁਸਾਰ ਨਿਕਾਸ ਮਾਨਕਾਂ ਨਾਲ ਮਿਲਾਨ ਕਰਨ।

| ਟ੍ਰੱਕ ਇੰਜਨ ਮਾੱਡਲ ਸਾਲ | ਨਿਕਾਸ ਮੰਗ ਦਾ ਸਮਾਂ | |
|---|---|---|
| | ਫੇਜ਼ 1 | ਫੇਜ਼ 2 |
| 1993 ਅਤੇ ਜ਼ਿਆਦਾ ਪੁਰਾਣਾ | 31 ਦਸੰਬਰ, 2009 ਤੋਂ ਨਿਸ਼ੇਧ ਸ਼ੁਰੂ | |
| 1994 ਤੋਂ 2003 | 31 ਦਸੰਬਰ, 2009 ਨੂੰ, 85% ਪੀਐਮ ਨਿਕਾਸ ਘੱਟ ਕਰਨਾ[1] | 31 ਦਸੰਬਰ, 2013 ਨੂੰ, 2007 ਦੇ ਇੰਜਨ ਨਿਕਾਸ ਮਾਨਕਾਂ ਨਾਲ ਮਿਲਾਨ |
| 2004[2] | 31 ਦਸੰਬਰ, 2011 ਨੂੰ, 85% ਪੀਐਮ ਨਿਕਾਸ ਘੱਟ ਕਰਨਾ[1] | 31 ਦਸੰਬਰ, 2013 ਨੂੰ, 2007 ਦੇ ਇੰਜਨ ਨਿਕਾਸ ਮਾਨਕਾਂ ਨਾਲ ਮਿਲਾਨ |
| 2005[2] ਅਤੇ 2006[2] | 31 ਦਸੰਬਰ, 2012 ਨੂੰ, 85% ਪੀਐਮ ਨਿਕਾਸ ਘੱਟ ਕਰਨਾ[1] | 31 ਦਸੰਬਰ, 2013 ਨੂੰ, 2007 ਦੇ ਇੰਜਨ ਨਿਕਾਸ ਮਾਨਕਾਂ ਨਾਲ ਮਿਲਾਨ |
| 2007 ਅਤੇ ਜ਼ਿਆਦਾ ਨਵਾਂ | 2020 ਤੱਕ ਪੂਰੀ ਤਰ੍ਹਾਂ ਮਨਜ਼ੂਰੀ ਪ੍ਰਾਪਤ | |

**ਅਧਿਨਿਯਮ ਦੇ ਕੀ ਲਾਭ ਹਨ?**

ਅਧਿਨਿਯਮ ਦੀ ਪਰਿਯੋਜਨਾ ਮਹੱਤਵਪੂਰਣ ਧੂਏਂ ਦੇ ਨਿਕਾਸ ਨੂੰ ਘੱਟ ਕਰਨ ਲਈ ਹੈ, ਜੋ ਕੈਲੀਫ਼ੋਰਨੀਆ - ਖ਼ਾਸ ਤੌਰ ਤੇ ਪ੍ਰਭਾਵਿਤ ਬੰਦਰਗਾਹਾਂ ਅਤੇ ਇੰਟਰਮਾੱਡਲ ਰੇਲ ਯਾਰਡਾਂ ਦੇ ਅੰਦਰ ਅਤੇ ਉਸਦੇ ਆਸੇਪਾਸੇ ਇੱਕ ਸਕਾਰਾਤਮਕ ਹਵਾ ਦੀ ਪ੍ਰਕ੍ਰਿਤੀ ਦਾ ਪ੍ਰਭਾਵ ਛੱਡੇਗਾ। 2010 ਵਿੱਚ ਸ਼ੁਰੂ ਹੋ ਰਹੇ ਪਰਟੀਕਯੂਲੇਟ ਮੈਟਰ ਨਿਕਾਸਾਂ ਦੀ ਪਰਿਯੋਜਨਾ ਲਗਭਗ 2.6 ਟਨ ਰੋਜ਼ਾਨਾ ਘੱਟ ਕਰੇਗੀ ਅਤੇ 2014 ਵਿੱਚ ਸ਼ੁਰੂ ਹੋ ਰਹੇ NOx ਨਿਕਾਸਾਂ ਦੀ ਪਰਿਯੋਜਨਾ ਲਗਭਗ 34 ਟਨ ਰੋਜ਼ਾਨਾ ਘੱਟ ਕਰੇਗੀ। ਸਟਾਫ਼ ਦਾ ਅਨੁਮਾਨ ਹੈ ਕਿ 2014 ਵਿੱਚ 17,000 ਦਮੇ ਨਾਲ ਸੰਬੰਧਿਤ ਲੱਛਣਾਂ ਦੇ ਮਾਮਲਿਆਂ ਤੋਂ ਵੱਖ ਲਗਭਗ 580 ਅਕਾਲਿਕ ਮੌਤਾਂ ਟਲ ਜਾਣਗੀਆਂ।

**ਕੀ ਇਨਸੈਂਟਿਵ ਰਕਮ ਉਪਲਬਧ ਹੈ?**

ਰਾਜ ਦੇ ਕਈ ਖੇਤਰਾਂ ਵਿੱਚ ਇਨਸੈਂਟਿਵ ਫੰਡ ਉਪਲਬਧ ਹਨ। ਵਧੇਰੀ ਜਾਣਕਾਰੀ ਲਈ ਕਿਰਪਾ ਕਰਕੇ ਹੇਠਾਂ ਦਿੱਤੀ ਏਆਰਬੀ ਵੈਬਸਾਈਟ:

*www.arb.ca.gov/ba/fininfo.htm* ਵੇਖੋ।

**ਵਧੇਰੀ ਜਾਣਕਾਰੀ ਲਈ**

ਕਿਰਪਾ ਕਰਕੇ ਸਾਡੀ ਵੈਬਸਾਈਟ: *www.arb.ca.gov/drayagetruck* ਨੂੰ ਵੇਖੋ।

ਜਾਂ ਏਆਰਬੀ ਦੀ ਡ੍ਰੇਏਜ ਟ੍ਰੱਕ ਹਾੱਟਲਾਈਨ 888-247-4821 ਤੇ ਫੋਨ ਕਰੋ।

ਇਸ ਦਸਤਾਵੇਜ ਨੂੰ ਕਿਸੇ ਵਿਕਲਪਿਕ ਫਾਰਮੇਟ ਜਾਂ ਭਾਸ਼ਾ ਵਿੱਚ ਪ੍ਰਾਪਤ ਕਰਨ ਲਈ, ਕਿਰਪਾ ਕਰਕੇ ਏਆਰਬੀ ਦੀ ਹੈਲਪਲਾਈਨ (800) 242-4450 ਤੇ ਜਾਂ *helpline@arb.ca.gov* ਤੇ ਸੰਪਰਕ ਕਰ ਸਕਦੇ ਹੋ। TTY/TDD/ ਸਪੀਚ ਟੂ ਸਪੀਚ ਦੇ ਪ੍ਰਯੋਗਕਰਤਾ ਕੈਲੀਫ਼ੋਰਨੀਆ ਰਿਲੇ ਸਰਵਿਸ ਲਈ 711 ਡਾਇਲ ਕਰ ਸਕਦੇ ਹਨ।

[1] ਮਨਜ਼ੂਰੀ ਦੀ ਵਿਧੀ ਵਿੱਚ ਇੱਕ ਏਆਰਬੀ ਪ੍ਰਮਾਣਿਤ ਪੱਧਰ 3 ਡੀਜ਼ਲ ਪਰਟੀਕਯੂਲੇਟ ਫ਼ਿਲਟਰ ਲਗਾਉਣਾ ਜਾਂ ਟ੍ਰੱਕ ਨੂੰ ਇੱਕ ਅਜਿਹੇ ਇੰਜ਼ਨ ਨਾਲ ਚਲਾਉਣਾ ਸ਼ਾਮਿਲ ਹੋ ਸਕਦਾ ਹੈ, ਜੋ 2007 ਦੇ ਧੂਏਂ ਦੇ ਨਿਕਾਸ ਮਾਨਕਾਂ ਨਾਲ ਮੇਲ ਖਾਂਦਾ ਜਾਂ ਉਸ ਤੋਂ ਵੀ ਵੱਧ ਹੋਵੇ।

[2] ਐਮਵਾਈ 2004-2006 ਦੇ ਇੰਜ਼ਨਾਂ ਲਈ ਫੇਜ਼ 1 ਦੀਆਂ ਮੰਗਾਂ ਪ੍ਰਮਾਣਿਤ ਹਨ ਪਰੰਤੂ ਅਜੇ ਤੱਕ ਕਾਰਗਰ ਨਹੀਂ। ਏਆਰਬੀ ਉੱਪਰਲੀ ਨਾ ਬਦਲੀਆਂ ਹੋਈਆਂ ਮੰਗਾਂ ਨਾਲ 31 ਦਸੰਬਰ, 2011 ਤੋਂ ਪਹਿਲਾਂ ਇੱਕ ਕਾਰਗਰ ਮਿਤੀ ਨੂੰ ਹੋਣ ਦੀ ਸੰਭਾਵਨਾ ਹੈ। ਵਧੇਰੇ ਜਾਣਕਾਰੀ ਲਈ ਕਿਰਪਾ ਕਰਕੇ ਹੇਠਾਂ ਦਿੱਤੀ ਵੈਬਸਾਈਟ *WWW.ARB.CA.GOV/MSPROG/ONRDIESEL/ONRDIESEL.HTM* ਵੇਖੋ।